# ਬਾਬੂ ਜਗਜੀਵਨ ਰਾਮ ਛਤਰਵਾਸ ਯੋਜਨਾ

## (1-1-2008 ਤੋਂ ਲਾਗੂ)

[1](ਪਹਿਲਾਂ ਐਸ.ਸੀ. ਲੜਕੀਆਂ ਅਤੇ ਲੜਕਿਆਂ ਲਈ ਹੋਸਟਲਾਂ ਦੀ ਕੇਂਦਰ ਆਯੋਜਿਤ ਸਕੀਮ ਦੇ ਰੂਪ ਵਿੱਚ ਜਾਣਿਆ)

**ਸੋਧੀ ਸਕੀਮ ਦੇ ਉਦੇਸ਼**

ਸੋਧੀ ਹੋਈ ਸਕੀਮ ਦਾ ਮੁੱਢਲਾ ਉਦੇਸ਼ ਹੋਸਟਲ ਉਸਾਰੀ ਪ੍ਰੋਗਰਾਮ ਲੈਣ ਲਈ ਲਾਗੂ ਕਰ ਰਹੀਆਂ ਏਜੰਸੀਆਂ ਨੂੰ ਆਕਰਸ਼ਿਤ ਕਰਨਾ, ਵਿਸ਼ੇਸ਼ ਤੌਰ ਤੇ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਦੇ ਦੂਰਅੰਦੇਸ਼ੀ ਦਾ ਵਿਕਾਸ ਅਤੇ ਉਨ੍ਹਾਂ ਦੇ ਵਿੱਚ-ਵਿਚਾਲੇ ਪੜ੍ਹਾਈ ਛੱਡਣ ਦੇ ਰੇਟ ਨੂੰ ਘੱਟ ਕਰਨਾ ਹੈ। ਇਸ ਦੇ ਹੋਰ ਉਦੇਸ਼ ਹਨ (i) ਹਰ ਇੱਕ ਬਲਾਕ/ ਮੁੱਖ ਕੁਆਟਰਜ਼/ ਘੱਟ ਸਾਖਰਤਾ ਵਾਲੇ ਜਿਲ੍ਹਿਆਂ ਵਿੱਚ ਤਰਜੀਹ ਦੇ ਕੇ ਇੱਕ 100 ਸੀਟਾਂ ਦੀ ਸਮਰੱਥਾ ਵਾਲਾ ਲੜਕੀਆਂ ਲਈ ਹੋਸਟਲ ਬਣਾਇਆ ਜਾਵੇ, (ii) ਉਸਾਰੀ ਦੇ ਅਰਸੇ ਦੇ ਅਤੇ (iii) ਇਸ ਦੀ ਨਿਗਰਾਨੀ, ਸਮੀਖਿਆ ਅਤੇ ਗੁਣਵੱਤਾ ਕੰਟਰੋਲ ਲਈ ਇੱਕ ਅਸਰਦਾਰ ਕਮੇਟੀ ਬਣਾਈ ਜਾਵੇ ਆਦਿ।

**ਲਾਗੂ ਕਰਨ ਵਾਲੀ ਏਜੰਸੀ ਅਤੇ ਯੋਗਤਾ**

ਇਹ ਸਕੀਮ ਰਾਜ ਸਰਕਾਰ/ਕੇਂਦਰ ਸ਼ਾਸਿਤ ਪ੍ਰਸ਼ਾਸ਼ਨ ਅਤੇ ਕੇਂਦਰੀ ਅਤੇ ਰਾਜ ਯੂਨੀਵਰਸਿਟੀਆਂ/ਅਦਾਰਿਆਂ ਰਾਹੀਂ ਲਾਗੂ ਕੀਤੀ ਜਾਵੇਗੀ ਅਤੇ ਉਹ ਇਸ ਸਕੀਮ ਦੇ ਉਪਬੰਧ ਅਨੁਸਾਰ ਕੇਂਦਰੀ ਸਹਾਇਤਾ ਲਈ ਨਵੀਂ ਹੋਸਟਲ ਬਿਲਡਿੰਗ ਦੀ ਉਸਾਰੀ ਲਈ ਅਤੇ ਪਹਿਲਾਂ ਚਲਾਏ ਜਾ ਰਹੇ ਹੋਸਟਲਾਂ ਦੀ ਸਹੂਲਤ ਦੇ ਵਿਸਥਾਰ ਲਈ ਯੋਗ ਕੇਂਦਰੀ ਸਹਾਇਤਾ ਮੁਹੱਈਆ ਕਰਵਾਉਣਗੇ। ਗੈਰ ਸਰਕਾਰੀ ਸੰਗਠਨਾਂ (NGOs) ਅਤੇ ਨਿੱਜੀ ਖੇਤਰ ਵਿੱਚ ਡੀਮਡ ਯੂਨੀਵਰਸਿਟੀਆਂ ਜਿਹਨਾਂ ਦਾ ਚੰਗਾ ਰਿਕਾਰਡ ਹੈ, ਉਹ ਇਸ ਸਕੀਮ ਅਧੀਨ ਆਪਣੇ ਮੌਜੂਦਾ ਹੋਸਟਲਾਂ ਦੀਆਂ ਸੁਵਿਧਾਵਾਂ ਦਾ ਵਿਸਥਾਰ ਕਰਨ ਲਈ ਕੇਂਦਰੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਣਗੀਆਂ। ਇੱਕ ਹੋਸਟਲ ਦੀ ਸਮਰੱਥਾ 100 ਵਿਦਿਆਰਥੀਆਂ ਤੋਂ ਵੱਧ ਨਾ ਹੋਵੇ।

**ਫੰਡਿੰਗ ਪ੍ਰਣਾਲੀ**

**ਅਨੁਸੂਚਿਤ ਜਾਤੀ ਦੀਆਂ ਲੜਕੀਆਂ ਲਈ ਹੋਸਟਲਜ਼**

100% ਕੇਂਦਰੀ ਸਹਾਇਤਾ ਰਾਜ ਸਰਕਾਰ ਨੂੰ ਮੁਹੱਈਆ ਕਰਵਾਈ ਜਾਵੇਗੀ;

90% ਕੇਂਦਰੀ ਸਹਾਇਤਾ ਗੈਰ ਸਰਕਾਰੀ ਸੰਗਠਨਾਂ ਅਤੇ ਨਿੱਜੀ ਖੇਤਰ ਦੀਆਂ ਡੀਮਡ ਯੂਨੀਵਰਸਿਟੀਆਂ ਨੂੰ ਕੇਵਲ ਮੌਜੂਦਾ ਹੋਸਟਲਾਂ ਦੀਆਂ ਸੁਵਿਧਾਵਾਂ ਦੇ ਵਿਸਥਾਰ ਲਈ ਮੁਹੱਈਆ ਕਰਵਾਈ ਜਾਵੇਗੀ।

**ਅਨੁਸੂਚਿਤ ਜਾਤੀ ਦੇ ਲੜਕਿਆਂ ਲਈ ਹੋਸਟਲ**

50% ਕੇਂਦਰੀ ਸਹਾਇਤਾ ਰਾਜ ਸਰਕਾਰ ਨੂੰ ਬਰਾਬਰ ਹਿੱਸੇ ਦੇ ਅਧਾਰ;

90% ਕੇਂਦਰੀ ਸਹਾਇਤਾ, ਕੇਂਦਰੀ ਯੂਨੀਵਰਸਿਟੀਆਂ/ਅਦਾਰਿਆਂ ਲਈ (ਬਾਕੀ 10% ਦੀ ਲਾਗਤ ਸਬੰਧਿਤ ਯੂਨੀਵਰਸਿਟੀ/ਅਦਾਰੇ ਵੱਲੋਂ ਸਹਿਣ ਕੀਤੀ ਜਾਵੇਗੀ), ਜਦਕਿ ਰਾਜ ਦੀਆਂ ਯੂਨੀਵਰਸਿਟੀਆ/ਅਦਾਰਿਆਂ ਲਈ ਕੇਂਦਰੀ ਸਹਾਇਤਾ 45% ਅਤੇ ਬਾਕੀ 55% ਦੀ ਲਾਗਤ ਸਬੰਧਿਤ ਯੂਨੀਵਰਸਿਟੀ/ਅਦਾਰੇ ਅਤੇ ਰਾਜ ਸਰਕਾਰ/ ਕੇਂਦਰ ਸ਼ਾਸਿਤ ਪ੍ਰਸ਼ਾਸਨ ਦੁਆਰਾ 10:45 ਦੇ ਅਨੁਪਾਤ ਵਿੱਚ ਪਾਈ ਜਾਵੇਗੀ);

45% ਕੇਂਦਰੀ ਸਹਾਇਤਾ ਗੈਰ ਸਰਕਾਰੀ ਸੰਗਠਨਾਂ (NGOs) ਅਤੇ ਨਿੱਜੀ ਖੇਤਰ ਦੀਆਂ ਡੀਮਡ ਯੂਨੀਵਰਸਿਟੀਆਂ ਨੂੰ ਉਨ੍ਹਾਂ ਦੇ ਮੌਜੂਦਾ ਹੋਸਟਲਾਂ ਦੇ ਵਾਧੇ ਲਈ (ਬਾਕੀ 55% ਦੀ ਲਾਗਤ ਸਬੰਧਿਤ ਏਜੰਸੀ ਅਤੇ ਰਾਜ ਸਰਕਾਰ/ ਕੇਂਦਰ ਸ਼ਾਸਿਤ ਪ੍ਰਸ਼ਾਸਨ ਦੁਆਰਾ 10:45 ਦੇ ਅਨੁਪਾਤ ਵਿੱਚ ਪਾਈ ਜਾਵੇਗੀ);